# ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਮਨੁੱਖੀ ਹੋਂਦ ਦੀ ਸਵੈ-ਪਛਾਣ ਦਾ ਪ੍ਰਵਚਨ (ਦਾਰਸ਼ਨਿਕ ਪਰਿਪੇਖ)



ਡਾ.ਸਵਰਨਜੀਤ ਕੌਰ
ਸਹਾਇਕ ਪ੍ਰੋਫੈਸਰ,
ਪੰਜਾਬੀ ਵਿਭਾਗ
ਖਾਲਸਾ ਕਾਲਜ,
ਪਟਿਆਲਾ।
+91 98154-29691

ਗੁਰੂ ਗ੍ਰੰਥ ਸਾਹਿਬ ਵਿੱਚ ਜਿਨ੍ਹਾਂ ਬਾਣੀਕਾਰਾਂ ਦੀ ਬਾਣੀ ਦਰਜ ਹੈ ਉਨ੍ਹਾਂ ਵਿੱਚ 'ਹਿੰਦ ਦੀ ਚਾਦਰ', 'ਧਰਮ ਦੀ ਚਾਦਰ', ' ਸ਼੍ਰੋਮਣੀ ਸ਼ਹੀਦ', 'ਮਨੁੱਖਤਾ ਦੇ ਰੱਖਿਅਕ', ਵਰਗੇ ਬੜੇ ਮਹੱਤਵਪੂਰਨ ਲਕਬਾਂ ਨਾਲ ਚਿਤਾਰੇ ਜਾਣ ਵਾਲੇ ਸਿੱਖਾਂ ਦੇ ਨੌਵੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਦਰਜ ਹੈ। ਇਤਿਹਾਸ ਵਿੱਚ ਦਰਸਾਇਆ ਗਿਆ ਹੈ ਕਿ ਪੰਜਵੇਂ ਗੁਰੂ ਅਰਜਨ ਸਾਹਿਬ ਨੇ ਸਭ ਤੋਂ ਪਹਿਲਾਂ 'ਆਦਿ ਗ੍ਰੰਥ' ਦੀ ਬੀੜ ਤਿਆਰ ਕਰਵਾ ਕੇ ਇਸ ਦਾ ਪਹਿਲਾ ਪ੍ਰਕਾਸ਼ 1604 ਈਸਵੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਕਰਵਾਇਆ। ਆਦਿ ਗ੍ਰੰਥ ਨੂੰ ਉਦੋਂ ਪੋਥੀ ਸਾਹਿਬ ਵੀ ਕਿਹਾ ਜਾਂਦਾ ਸੀ। ਛੇਵੇਂ, ਸੱਤਵੇਂ ਤੇ ਅੱਠਵੇਂ ਸਿੱਖ ਗੁਰੂ ਸਾਹਿਬਾਨ ਨੇ ਬਾਣੀ ਦੀ ਰਚਨਾ ਨਹੀਂ ਕੀਤੀ। ਉਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਦੁਆਰਾ 1706 ਵਿਚ ਦਮਦਮਾ ਸਾਹਿਬ(ਸਾਬੋ ਕੀ ਤਲਵੰਡੀ) ਵਿਖੇ ਸ਼ਾਮਿਲ ਕੀਤੀ ਗਈ। ਇਸੇ ਬੀੜ ਨੂੰ ਹੀ ਉਨ੍ਹਾਂ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾ ਸ੍ਰੀ ਹਜੂਰ ਸਾਹਿਬ ਨਾਂਦੇੜ ਵਿਖੇ ਗੁਰੂ ਪਦ ਪ੍ਰਦਾਨ ਕੀਤਾ। ਇਹ ਪੁਨਰ ਸੰਪਾਦਤ ਬੀੜ ਹੀ ਗੁਰੂ ਗ੍ਰੰਥ ਸਾਹਿਬ ਅਖਵਾਉਂਦੀ ਹੈ। ਗੁਰੂ ਤੇਗ ਬਹਾਦਰ ਦੁਆਰਾ ਰਚਿਤ ਬਾਣੀ ਦਾ ਵੱਡਾ ਮਹੱਤਵ ਇਸ ਕਰਕੇ ਵੀ ਹੈ ਕਿਉਂਕਿ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਨੌਵੇਂ ਗੁਰੂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਰਾਹੀਂ ਉਨ੍ਹਾਂ ਦੇ ਉੱਚਤਮ ਅਤੇ ਆਦਰਸ਼ਕ ਨਜ਼ਰੀਏ ਦਾ ਪਤਾ ਚਲਦਾ ਹੈ। "ਗੁਰੂ ਸਾਹਿਬ ਨੇ ਕੁੱਲ ਸਤਵੰਜਾ ਸਲੋਕ ਰਚੇ ਹਨ। ਇਹ ਸਲੋਕ ਮਹੱਲਾ ਨੌਵਾਂ ਦੇ ਸਿਰਲੇਖ ਅਧੀਨ ਗੁਰੂ ਗ੍ਰੰਥ ਸਾਹਿਬ ਵਿੱਚ ਪੰਨਾ 1426 ਤੋਂ 1429 ਤੱਕ ਦਰਜ ਹਨ।ਇਨ੍ਹਾਂ ਤੋਂ ਮਗਰੋਂ ਮੁੰਦਾਵਣੀ ਅਤੇ ਰਾਗ ਮਾਲਾ ਦਰਜ ਹੈ। ਇਹ ਸਲੋਕ ਸਮਾਪਤੀ ਉਪਰੰਤ ਭੋਗ ਦੇ ਸਲੋਕ ਮੰਨੇ ਜਾਂਦੇ ਹਨ।"[1] ਇਸ ਰਚਨਾ ਰਾਹੀਂ ਗੁਰੂ ਸਾਹਿਬ ਦੇ ਸਮੁੱਚੀ ਮਨੁੱਖ ਜਾਤੀ ਨੂੰ ਦਿੱਤੇ ਸੰਦੇਸ਼ ਨੂੰ ਭਲੀਭਾਂਤ ਸਮਝਿਆ ਜਾ ਸਕਦਾ ਹੈ। ਉਨ੍ਹਾਂ ਦੀ ਬਾਣੀ ਮਨੁੱਖੀ ਭਾਵਨਾਤਮਕ ਏਕਤਾ ਦੇ ਸੰਚਾਰ ਦਾ ਇੱਕ ਅਦੁੱਤੀ ਨਮੂਨਾ ਹੈ। ਸਲੋਕਾਂ ਤੋਂ ਬਿਨਾਂ "ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੀ ਬਾਣੀ 59 ਸ਼ਬਦਾਂ ਦੇ ਰੂਪ ਵਿੱਚ 15 ਰਾਗਾਂ ਵਿੱਚ ਦਰਜ ਹੈ। ਜਿਸ ਦਾ ਵੇਰਵਾ ਇਵੇਂ ਹੈ: ਗਉੜੀ-9 ਸਬਦ, ਆਸਾ-1 ਸਬਦ, ਦੇਵਗਧਾਰੀ-3, ਬਿਹਾਗੜਾ-1, ਸਬਦ, ਸੋਰਠਿ -12,

ਧਨਾਸਰੀ-4 ਸਬਦ, ਜੈਤਸਰੀ-3 ਸਬਦ, ਟੋਡੀ-1 ਸਬਦ, ਤਿਲੰਗ-3 ਸਬਦ, ਰਾਮਕਲੀ-3 ਸਬਦ, ਮਾਰੂ-3 ਸਬਦ, ਬਿਲਾਵਲ-3 ਸਬਦ, ਬਸੰਤ-5 ਸਬਦ, ਸਾਰੰਗ-4 ਸਬਦ, ਜੈਜਾਵੰਤੀ-4 ਸਬਦ।[2]

ਗੁਰੂ ਸਾਹਿਬ ਨੇ ਸੰਬੋਧਨੀ ਸੁਰ ਵਿਚ ਬਾਣੀ ਰਚਨਾ ਕੀਤੀ ਹੈ, ਜੋ ਵੱਖ-ਵੱਖ ਸੰਕਲਪਾਂ ਰਾਹੀਂ ਮਨੁੱਖ ਨੂੰ ਉਪਦੇਸ਼ ਦੇ ਕੇ ਉਸ ਨੂੰ ਆਪੇ ਜਾਂ ਸਵੈ ਦੀ ਪਛਾਣ ਵੱਲ ਪ੍ਰੇਰਿਤ ਕਰਦੀ ਹੈ। ਗੁਰੂ ਜੀ ਜਦੋਂ ਸੰਸਾਰ ਦੀ ਨਾਸ਼ਵਾਨਤਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹਨ, ਜਿਸ ਨੂੰ ਉਹ ਦ੍ਰਿੜ੍ਹ ਕਰਵਾਉਣ ਲਈ ਵੱਖ-ਵੱਖ ਬਿੰਬਾਂ, ਪ੍ਰਤੀਕਾਂ ਅਤੇ ਇਤਿਹਾਸਕ ਮਿਥਿਹਾਸਕ ਹਵਾਲਿਆਂ ਰਾਹੀਂ ਸਮਝਾਉਂਦੇ ਹਨ। ਉਹ ਮਨੁੱਖ ਨੂੰ ਉਸ ਦੇ ਅਮਲੀ ਜੀਵਨ ਵਿੱਚ ਸੰਸਾਰਕ ਮੋਹ ਮਾਇਆ ਦੇ ਜਾਲ ਵਿੱਚ ਗਲਤਾਨ ਹੋ ਕੇ ਜੀਵਨ ਨੂੰ ਵਿਅਰਥ ਗਵਾਉਣ ਤੋਂ ਸੁਚੇਤ ਕਰਦੇ ਹਨ । ਉਨ੍ਹਾਂ ਨੇ ਮਨੁੱਖ ਨੂੰ ਆਪਣੇ ਮੂਲ ਦੀ ਪਛਾਣ ਵੱਲ ਪ੍ਰੇਰਿਤ ਕੀਤਾ ਹੈ। ਜਦੋਂ ਆਪ ਆਖਦੇ ਹਨ :

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ
ਜਗ ਰਚਨਾ ਤੈਸੇ ਰਚਿ ਕਹੁ ਨਾਨਕ ਸੁਨ ਮੀਤ॥[3]

ਇਸ ਸਲੋਕ ਦੁਆਰਾ ਆਪ ਫਰਮਾਉਂਦੇ ਹਨ ਕਿ ਇਸ ਦੁਨੀਆਂ ਦੀ ਰਚਨਾ ਇਸ ਤਰ੍ਹਾਂ ਬਣਾਈ ਗਈ ਹੈ ਕਿ ਜਿਵੇਂ ਪਾਣੀ ਵਿੱਚ ਬੁਲਬੁਲੇ ਦੀ ਰਚਨਾ ਹੁੰਦੀ ਹੈ ਭਾਵ ਜਿਵੇਂ ਬੁਲਬੁਲਾ ਬਣਦਾ ਹੈ ਅਤੇ ਕੁਝ ਹੀ ਛਿਣ ਵਿੱਚ ਨਸ਼ਟ ਹੋ ਜਾਂਦਾ ਹੈ। ਉਸੇ ਤਰ੍ਹਾਂ ਹੀ ਇਹ ਸੰਸਾਰ ਦੀ ਖੇਡ ਰਚੀ ਗਈ ਹੈ ਜੋ ਕਿ ਪੈਦਾ ਹੁੰਦਾ ਹੈ ਅਤੇ ਜਲਦੀ ਹੀ ਨਸ਼ਟ ਵੀ ਹੋ ਜਾਂਦਾ ਹੈ ।

"ਮਨ ਤੂ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣ॥" ਗੁਰੂ ਅਮਰਦਾਸ ਜੀ ਦੇ ਮਹਾਂਵਾਕ ਅਨੁਸਾਰ ਮਨੁੱਖ ਨੂੰ ਆਪੇ ਦੀ ਸੋਝੀ ਹੋਣੀ ਅਤਿਅੰਤ ਲੋੜੀਂਦੀ ਹੈ। ਨਿਰਾ ਖਾਣਾ-ਪੀਣਾ, ਸੌਣਾ ਹੀ ਮਨੁੱਖ ਦਾ ਕਰਮ ਨਹੀਂ ਹੁੰਦਾ ਸਗੋਂ ਉਸ ਦੇ ਜਨਮ ਲੈਣ ਦਾ ਕੋਈ ਨਾ ਕੋਈ ਅਰਥ ਜ਼ਰੂਰ ਹੁੰਦਾ ਹੈ। ਜੀਵਨ ਅਮੁੱਲ ਹੈ। ਜੀਵਨ ਦਾਨ ਦੇਣ ਵਾਲੇ ਨੂੰ ਵੱਡਾ ਮੰਨਿਆ ਜਾਂਦਾ ਹੈ। ਕਈ ਵਾਰ ਮਨੁੱਖ ਜੀਵਨ ਪ੍ਰਤੀ ਸੋਚ ਨੂੰ ਲੈ ਕੇ ਨਿਰਾਸਤਾ ਦੇ ਹਨ੍ਹੇਰਿਆਂ ਵਿੱਚ ਭਟਕਦਾ ਨਜ਼ਰ ਆਉਂਦਾ ਹੈ। ਅਜਿਹਾ ਮਨੁੱਖ  ਜੀਵਨ ਪ੍ਰਤੀ ਡੂੰਘੇਰੀ ਪਹੁੰਚ ਨਹੀਂ ਰੱਖਦਾ। ਗੁਰੂ ਗ੍ਰੰਥ ਸਾਹਿਬ ਵਿਚਲੀ ਸਮੁੱਚੀ ਬਾਣੀ ਮਨੁੱਖ ਨੂੰ ਜੀਵਨ ਦੇ ਅਸਲ ਉਦੇਸ਼ ਪ੍ਰਤੀ ਸੁਚੇਤ ਕਰਕੇ ਉਸ ਨੂੰ ਮੂਲ ਦੀ ਪਛਾਣ ਕਰਾਉਣ ਵੱਲ ਪ੍ਰੇਰਿਤ ਕਰਦੀ ਹੈ। ਕੋਈ ਵੀ ਨਿੱਜੀ ਜੀਵਨ

ਅਜਿਹਾ ਨਹੀਂ ਹੁੰਦਾ ਜਿਸ ਨੂੰ ਨਿਸ਼ਚਿਤ ਕਰਨ ਵਿੱਚ ਵਿਸ਼ਾਲ ਸਮਾਜਿਕ ਜੀਵਨ ਦਾ ਪ੍ਰਭਾਵ ਕੰਮ ਨਾ ਕਰਦਾ ਹੋਵੇ। ਕੋਈ ਵੀ ਮਨੁੱਖ ਜਿਸ ਨੂੰ ਆਪਣੇ ਜੀਵਨ ਦਾ ਮਿਸ਼ਨ ਸਮਝ ਆ ਜਾਂਦਾ ਹੈ ਉਸ ਦੀ ਜੀਵਨ ਪ੍ਰਤੀ ਪਹੁੰਚ ਕਦੇ ਵੀ ਨਿਰਾਸ਼ਾ ਵਾਲੀ ਨਹੀਂ ਹੁੰਦੀ। ਨਿਰਾਸਤਾ ਦੇ ਹਨ੍ਹੇਰਿਆਂ ਵਿੱਚ ਸਿਰਫ਼ ਉਹੀ ਭਟਕਦਾ ਹੈ ਜਿਸ ਨੂੰ ਆਪੇ ਦੀ ਪਛਾਣ ਨਹੀਂ ਹੁੰਦੀ।

ਸਾਰੇ ਹੀ ਧਰਮ ਗ੍ਰੰਥਾਂ ਵਿਚ ਮਨੁੱਖੀ ਜੀਵਨ ਨੂੰ ਅਨਮੋਲ ਹੀਰੇ ਨਾਲ ਤੁਲਨਾ ਦਿੱਤੀ ਗਈ ਹੈ। ਗੁਰਬਾਣੀ ਵਿੱਚ ਵੀ ਮਨੁੱਖ ਨੂੰ ਜੀਵਨ ਦੀ ਸੋਝੀ ਕਰਾਉਣ ਵਾਲੇ ਹਵਾਲੇ ਥਾਂ-ਥਾਂ ਮਿਲਦੇ ਹਨ। ਗੁਰੂ ਸਾਹਿਬਾਨ ਨੇ ਸੰਸਾਰ ਦੀ ਨਾਸ਼ਵਾਨਤਾ ਬਾਰੇ ਦਰਸਾ ਕੇ ਜੀਵਨ ਪ੍ਰਤੀ ਪਹੁੰਚ ਨੂੰ ਡੂੰਘੇ ਰੂਪ ਵਿਚ ਸਮਝਣ ਦੀ ਗੱਲ ਕੀਤੀ ਹੈ। ਦੁੱਖ ਦਰਦ ਵੀ ਮਨੁੱਖੀ ਜੀਵਨ ਦਾ ਹਿੱਸਾ ਹਨ। ਪਰ ਦੁੱਖਾਂ ਦਰਦਾਂ ਵਿਚ ਗ੍ਰਸਤ ਹੋ ਕੇ ਜਿਉਣ ਦੀ ਇੱਛਾ ਨਹੀਂ ਛੱਡ ਦੇਣੀ ਚਾਹੀਦੀ। ਜੀਵਨ ਜਿਊਣ ਦੀ ਅਜਿਹੀ ਕੋਈ ਵਿਧੀ ਨਹੀਂ ਹੈ, ਜਿਹੜੀ ਹਰ ਕਿਸੇ ਲਈ ਇਕੋ ਜਿਹੀ ਢੁੱਕਵੀਂ ਹੋਵੇ। ਸਭ ਮਨੁੱਖਾਂ ਨੂੰ ਸਥਿਤੀ ਤੇ ਸਮਰੱਥਾ ਨੂੰ ਸਮਝਦੇ ਹੋਏ ਜੀਵਨ ਪ੍ਰਤੀ ਸਾਕਾਰਾਤਮਕ ਪਹੁੰਚ ਬਣਾਉਣੀ ਚਾਹੀਦੀ ਹੈ। ਕਿਸੇ ਵਿਅਕਤੀ ਦੀ ਮੌਤ ਕਿਸ ਤਰ੍ਹਾਂ ਹੁੰਦੀ ਹੈ ਇਹ ਗੱਲ ਐਨੀ ਮਹੱਤਵਪੂਰਣ ਨਹੀਂ ਹੁੰਦੀ। ਦੂਜੇ ਪਾਸੇ ਇਹ ਗੱਲ ਮਹੱਤਵ ਰੱਖਦੀ ਹੈ ਕਿ ਉਹ ਜਿਉਂਦਾ ਕਿਵੇਂ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਸੁਰ ਵੀ ਇਸ ਗੱਲ ਤੇ ਕੇਂਦਰਿਤ ਹੈ ਕਿ ਮਨੁੱਖ ਨੂੰ ਹਮੇਸ਼ਾ ਚਿੱਤ ਚੇਤਾ ਰੱਖਣਾ ਅਤਿਅੰਤ ਜ਼ਰੂਰੀ ਹੈ ਕਿ ਜੀਵਨ ਇੱਕੋ ਵਾਰ ਮਿਲਿਆ ਹੈ ਜੋ ਵੀ ਮਾਨਣਾ ਹੈ ਇੱਥੇ ਹੀ ਮਾਨਣਾ ਹੈ। ਅਨੰਤ ਸਦੀਵਤਾ ਅੰਦਰ ਅਜਿਹਾ ਮੌਕਾ ਹੋਰ ਨਹੀਂ ਮਿਲਣਾ। ਅਸਲ ਵਿੱਚ ਜਦੋਂ ਤੱਕ ਮਨੁੱਖ ਦੀ ਹਸਤੀ ਕਾਇਮ ਹੈ, ਉਸ ਦੀਆਂ ਪ੍ਰੇਰਕ ਰੁਚੀਆਂ ਵੀ ਉਸ ਦੇ ਨਾਲ ਹਨ। ਘਟਨਾਵਾਂ ਦੇ ਬਦਲਣ ਨਾਲ ਵੀ ਇਨ੍ਹਾਂ ਰੁਚੀਆਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਨਵੇਂ ਹਾਲਾਤ ਵਿਚ ਉਹ ਰੁਚੀਆਂ ਨਵੇਂ ਰੂਪ ਵਿੱਚ ਪ੍ਰਗਟ ਹੁੰਦੀਆਂ ਰਹਿੰਦੀਆਂ ਹਨ ਪਰ ਗੁਰੂ ਸਾਹਿਬ ਦੁਆਰਾ ਰਚੀ ਗਈ ਬਾਣੀ ਕੁਦਰਤੀ ਤੌਰ ਤੇ ਸਭ ਥਾਵਾਂ ਅਤੇ ਸਭ ਮਨੁੱਖਾਂ ਲਈ ਕਾਲ ਮੁਕਤ ਰੂਪ ਵਿੱਚ ਸਾਂਝੀ ਕਸ਼ਿਸ਼ ਰੱਖਦੀ ਹੈ ।

ਇਸੇ ਤਰ੍ਹਾਂ ਉਨ੍ਹਾਂ ਨੇ ਸੰਸਾਰ ਦੀ ਨਾਸ਼ਵਾਨਤਾ ਨੂੰ ਹੋਰ ਦ੍ਰਿੜ੍ਹ ਕਰਵਾਉਣ ਲਈ ਵੱਡੇ-ਵੱਡੇ ਨਾਇਕਾਂ, ਮਹਾਂਨਾਇਕਾਂ ਦੀਆਂ ਉਦਾਹਰਨਾਂ ਰਾਹੀਂ ਸਪੱਸ਼ਟ ਕੀਤਾ ਹੈ।

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ॥
ਕਹੁ ਨਾਨਕ ਥਿਰ ਕਿਛੁ ਨਹੀਂ ਸੁਪਨੇ ਜੀਉ ਸੰਸਾਰ॥[4]

ਇਸ ਸਲੋਕ ਰਾਹੀਂ ਉਹ ਇਹ ਦ੍ਰਿੜ੍ਹ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ ਕੀ ਇਹ ਮੌਤ ਕਿਸੇ ਵੱਡੇ-ਛੋਟੇ, ਅਮੀਰ-ਗ਼ਰੀਬ ਦਾ ਕੋਈ ਲਿਹਾਜ਼ ਨਹੀਂ ਕਰਦੀ। ਚਾਹੇ ਉਹ ਪਵਿੱਤਰ ਅਵਤਾਰੀ ਸ੍ਰੀਰਾਮ ਹੋਵੇ ਚਾਹੇ ਪਾਪੀ ਰਾਵਣ। ਭਾਵ ਇਸ ਸੰਸਾਰ ਵਿੱਚ ਕੋਈ ਵੀ ਵਸਤੂ ਜਾਂ ਜੀਵ ਸਦੀਵੀ ਨਹੀਂ ਹੈ। ਮੁੱਖ ਰੂਪ ਵਿੱਚ ਸੰਸਾਰ ਦੀ ਨਾਸ਼ਵਾਨਤਾ ਰਾਹੀਂ ਮਨੁੱਖ ਨੂੰ ਉਸ ਦੇ ਮੂਲ ਨਾਲ ਜੋੜਨ ਦਾ ਉਪਰਾਲਾ ਕੀਤਾ ਹੈ। ਪ੍ਰਕਿਰਤੀ ਵਿੱਚੋਂ ਲਏ ਬਿੰਬਾਂ ਰਾਹੀਂ ਗੁਰੂ ਸਾਹਿਬ ਨੇ ਮਨੁੱਖੀ ਮੂਲ ਦੀ ਹਰ ਸਥਿਤੀ ਨੂੰ ਸਪੱਸ਼ਟ ਕੀਤਾ ਹੈ। ਦੁੱਖ ਸੁੱਖ ਨੂੰ ਸਾਮਾਨ ਕਰਕੇ ਜਾਣਨ ਲਈ ਆਖਿਆ ਹੈ। ਦੁਨਿਆਵੀ ਸੁੱਖਾਂ ਦੀ ਪ੍ਰਾਪਤੀ ਲਈ ਮਨੁੱਖ ਸਾਰੀ ਜ਼ਿੰਦਗੀ ਆਪਣਾ ਅਨਮੋਲ ਜੀਵਨ ਵਿਅਰਥ ਗਵਾਉਦਾ ਹੈ। ਅਜਿਹਾ ਆਤਮ ਸੋਝੀ ਦੀ ਘਾਟ ਕਾਰਨ ਹੀ ਵਾਪਰਦਾ ਹੈ। ਸੁੱਖ ਪ੍ਰਾਪਤੀ ਦੇ ਸੰਸਾਰਕ ਸਾਧਨਾਂ ਨੂੰ ਉਹ ਆਪਣੀ ਮੂਰਖ ਮਤ ਦੁਆਰਾ ਸੱਚਾ ਸਮਝ ਆਪਣਾ ਕੀਮਤੀ ਸਮਾਂ ਅਜਾਈਂ ਗੁਆ ਦਿੰਦਾ ਹੈ। ਸੰਸਾਰਕ ਪਦਾਰਥਾਂ ਦਾ ਮੋਹ ਉਸਨੂੰ ਜਕੜ ਬੈਠਦਾ ਹੈ ਅਤੇ ਅੰਤਲੇ ਸਮੇਂ ਉਹ ਪਛਤਾਉਂਦਾ ਹੈ। ਗੁਰੂ ਸਾਹਿਬ ਦੀ ਬਾਣੀ ਅਜਿਹੇ ਮੋਹ ਭਰੇ ਵਿਕਾਰਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੀ ਹੈ। ਗੁਰੂ ਜੀ ਨੇ ਅਨੁਭਵ ਕੀਤਾ ਕਿ ਕਨਕ ਤੇ ਕਾਮਿਨੀ ਜੀਵਨ ਦੀਆਂ ਸਭ ਸਮੱਸਿਆਵਾਂ ਦੀ ਜੜ੍ਹ ਹੈ ਜੀਵਨ ਮਨੋਰਥ ਤੋਂ ਅਗਿਆਤ ਬਹੁਤੇ ਲੋਕ ਸੋਨੇ, ਇਸਤਰੀ, ਅਤੇ ਅਹੁਦਿਆਂ ਦੀ ਲਾਲਸਾ ਵਿਚ ਭਟਕਦੇ ਰਹਿੰਦੇ ਹਨ। ਅਜਿਹੇ ਲੋਕਾਂ ਨੂੰ ਨਾ ਨਿੱਜ ਦੇ ਭਲੇ ਅਤੇ ਨਾ ਹੀ ਸਮਾਜਿਕ ਹਿੱਤ ਦੀ ਸੋਝੀ ਹੁੰਦੀ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:

ਕਹਉ ਕਹਾ ਅਪਨੀ ਅਧਮਾਈ॥
ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ॥੧॥ ਰਹਾਉ॥
ਜਗ ਝੂਠੇ ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ॥[5]

ਇਸ ਲਈ ਅਗਿਆਨਤਾ ਕਾਰਨ ਮਨੁੱਖ ਆਪਣੀ ਜ਼ਿੰਦਗੀ ਦੇ ਅਸਲੀ ਮਨੋਰਥ ਤੋਂ ਭਟਕ ਕੇ ਧਨ, ਇਸਤਰੀ ਅਤੇ ਪ੍ਰਭੂਤਾ ਨੂੰ ਸਦੀਵੀ ਤੇ ਸਦਾ ਨਾਲ ਨਿਭਣ ਵਾਲ਼ੇ ਸਮਝ ਬੈਠਦਾ ਹੈ। ਭਾਵੇਂ ਸਮਾਜ ਵਿੱਚ ਵਿਚਰਦੇ ਹੋਏ ਮਨੁੱਖ ਅਜਿਹੇ ਵਿਕਾਰਾਂ ਤੋਂ ਨਿਰਲੇਪ ਨਹੀਂ ਰਹਿੰਦਾ ਪਰ ਫਿਰ ਵੀ ਉਸ ਨੂੰ ਉਸ ਵਿੱਚ ਖਚਿਤ ਹੋ ਕੇ ਸਮੁੱਚਾ ਮਨੁੱਖੀ ਜੀਵਨ ਵਿਅਰਥ ਗੁਆਉਣ

ਤੋਂ ਸੁਚੇਤ ਰਹਿਣ ਦਾ ਉਪਦੇਸ਼ ਦਿੱਤਾ ਗਿਆ ਹੈ। ਜੀਵਨ ਦੀ ਕਰੂਰ ਸੱਚਾਈ ਨੂੰ ਸਾਹਮਣੇ ਰੱਖ ਕੇ ਆਖਿਆ ਹੈ ਕਿ ਇਨ੍ਹਾਂ ਲਾਲਸਾਵਾਂ ਵਿੱਚ ਗ੍ਰਸਤ ਹੋ ਕੇ ਮਨੁੱਖ ਪਾਗਲ ਕੁੱਤੇ ਦੀ ਤਰ੍ਹਾਂ ਭਟਕਦਾ ਹੈ ਇਸ ਤਰ੍ਹਾਂ ਉਸ ਨੂੰ ਭਲੇ ਬੁਰੇ ਦੀ ਸੋਝੀ ਨਹੀਂ ਰਹਿੰਦੀ। ਉਹ ਆਪਣੀ ਮੂਲ ਹਸਤੀ ਦੀ ਅਗਿਆਨਤਾ ਕਰਕੇ ਪਦਾਰਥਕ ਭਟਕਣ ਵਿੱਚ ਪਿਆ ਨਾ ਨਿੱਜੀ ਰੂਪ ਵਿੱਚ ਆਪਣੇ ਅੰਤਰੀਵ ਭਾਵਾਂ ਨਾਲ ਜੁੜ ਕੇ ਕਿਸੇ ਸੱਚੇ ਮਾਰਗ ਤੇ ਤੁਰਦਾ ਹੈ ਅਤੇ ਨਾ ਹੀ ਸਮਾਜਿਕ ਫਰਜ਼ਾਂ ਨੂੰ ਪਾਲਣ ਕਰਨ ਬਾਰੇ ਸੋਚ ਸਕਦਾ ਹੈ ਸਗੋਂ ਅਚੇਤ ਰੂਪ ਵਿਚ ਭਟਕਣ ਵਿੱਚ ਪਿਆ ਪਾਪ ਦੇ ਰਾਹ ਤੇ ਤੁਰਿਆ ਜਾਂਦਾ ਹੈ:

ਪਰ ਧਨ ਪਰ ਦਾਰਾ ਸਿਉ ਰਚਿਓ ਬਿਰਥਾ ਜਨਮ ਸਿਰਾਵੈ॥
ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਿਛੁ ਗਿਆਨਾ॥
ਘਟ ਹੀ ਭੀਤਰਿ ਬਸਤ ਨਿਰੰਜਨੁ ਤਾ ਕੋ ਮਰਮੁ ਨ ਜਾਨਾ॥[6]

ਉਸਤਤ ਅਤੇ ਨਿੰਦਿਆ ਬਾਰੇ ਵੀ ਗੁਰੂ ਸਾਹਿਬ ਸੁਚੇਤ ਕਰਦੇ ਹਨ ਕਿ ਝੂਠੀ ਉਸਤਤ ਵਿੱਚ ਮੁਨੱਖ ਫੁਲਿਆ ਨਹੀਂ ਸਮਾਉਂਦਾ ਅਤੇ ਉਹ ਇਨਸਾਨ ਦੀ ਪਛਾਣ ਕਰਨੀ ਭੁੱਲ ਜਾਂਦਾ ਹੈ ਅਤੇ ਦੂਜਿਆਂ ਦੀ ਨਿੰਦਾ ਕਰਨ ਵਿੱਚ ਵੀ ਗੁਰੇਜ਼ ਨਹੀਂ ਕਰਦਾ। ਇਹ ਸਭ ਉਸਦੀ ਆਪੇ ਦੀ ਅਗਿਆਨਤਾ ਦਾ ਨਤੀਜਾ ਹੈ। ਸੰਸਾਰਕ ਜੀਵਨ ਵਿੱਚ ਮਨੁੱਖ ਦੂਜਿਆਂ ਨਾਲ ਆਪਣੇ ਸਬੰਧਾਂ ਦੇ ਆਧਾਰ ਤੇ ਕਿਸੇ ਨੂੰ ਆਪਣਾ ਦੁਸ਼ਮਣ ਅਤੇ ਕਿਸੇ ਨੂੰ ਆਪਣਾ ਦੋਸਤ ਖਿਆਲ ਕਰ ਲੈਂਦਾ ਹੈ। ਅਜਿਹੀ ਸਥਿਤੀ ਵਿੱਚ ਗੁਰੂ ਸਾਹਿਬ ਮਨੁੱਖ ਨੂੰ ਉਸ ਦਾ ਵਿਵਹਾਰ ਠੀਕ ਕਰਨ ਦਾ ਉਪਦੇਸ਼ ਦਿੰਦੇ ਹਨ।

ਇਸੇ ਤਰ੍ਹਾਂ ਗੁਰੂ ਸਾਹਿਬ ਮਨੁੱਖ ਨੂੰ ਆਪਾ ਭੁੱਲ ਕੇ ਲਾਲਚ ਰੂਪੀ ਵਿਕਾਰ ਤੋਂ ਵੀ ਦੂਰ ਰਹਿਣ ਦੀ ਤਾਕੀਦ ਕਰਦੇ ਹਨ। ਲਾਲਚ ਤਹਿਤ ਮਨੁੱਖ ਮਾਇਆਵੀ ਪਦਾਰਥਾਂ ਦੀ ਪ੍ਰਾਪਤੀ ਲਈ ਪਾਪ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਇਸ ਲਈ ਉਹ ਛਲ, ਕਪਟ, ਧੋਖਾ, ਫਰੇਬ ਅਤੇ ਪਾਖੰਡ ਕਰਦਾ ਹੈ। ਇਥੋਂ ਤੱਕ ਕਿ ਲੁੱਟ ਮਾਰ ਜਾਂ ਡਾਕੇ ਮਾਰਨ ਤੋਂ ਵੀ ਗੁਰੇਜ ਨਹੀਂ ਕਰਦਾ। ਇਨ੍ਹਾਂ ਪਾਪ ਅਤੇ ਢੌਂਗ ਭਰੇ ਕਰਮਾਂ ਨੇ ਸਿਰਫ ਆਮ ਮਨੁੱਖ ਨੂੰ ਹੀ ਨਹੀਂ ਜਕੜਿਆ ਬਲਕਿ ਜੋਗੀ, ਜੰਗਮ ਅਤੇ ਤਿਆਗੀ ਵੀ ਨਹੀਂ ਬਚ ਸਕੇ।

ਪਾਪੀ ਹੀਐ ਮੈਂ ਕਾਮੁ ਬਸਾਇ॥
ਮਨੁ ਚੰਚਲ ਯਾ ਗਹਿਓ ਨ ਜਾਇ॥੧॥ ਰਹਾਉ॥

ਜੋਗੀ ਜੰਗਮ ਅਰੁ ਸੰਨਿਆਸ॥ ਸਭ ਹੀ ਪਰਿ ਡਾਰੀ ਇਹ ਫਾਸ॥[7]

ਗੁਰੂ ਸਾਹਿਬ ਪਦਾਰਥਕ ਜਕੜ ਤੋਂ ਬਚਣ ਲਈ ਨਾ ਤਾਂ ਸੰਸਾਰਕ ਤਿਆਗ ਦੀ ਗੱਲ ਕਰਦੇ ਹਨ ਨਾ ਹੀ ਜੰਗਲਾਂ ਦੀ ਇਕਾਂਤ ਜਾਂ ਪਹਾੜਾਂ ਦੀਆਂ ਕੰਦਰਾਂ ਵਿੱਚ ਛੁਪ ਕੇ ਬੈਠਣ ਵਾਲਾ ਰਸਤਾ ਦੱਸਦੇ ਹਨ। ਇਸ ਤੋਂ ਬਿਨਾਂ ਨਾ ਸਰੀਰ ਨੂੰ ਕਸ਼ਟ ਦੇਣ ਵਾਲੀ ਸਾਧਨਾ ਕਰਨ ਦਾ ਕੋਈ ਉਪਦੇਸ਼ ਕਰਦੇ ਹਨ ਬਲਕਿ ਉਹ ਤਾਂ ਮਨੁੱਖ ਦੁਆਰਾ ਆਪਣੇ ਮੂਲ ਨੂੰ ਭੁੱਲ ਕੇ ਭਟਕਣ ਵਿੱਚ ਪੈਣ ਤੋਂ ਬਚਣ ਦਾ ਪ੍ਰਵਚਨ ਕਰਦੇ ਹਨ।

ਆਮ ਮਨੁੱਖ ਨੂੰ ਦੁਨੀਆਂ ਦੇ ਅਗਾਧ ਸੰਕਟ ਤੋਂ ਬਚਣ ਲਈ ਉਹ ਗੁਰੂ ਦੀ ਸ਼ਰਨ ਵਿੱਚ ਜਾਣ ਨੂੰ ਵਧੇਰੇ ਪ੍ਰਮੁੱਖਤਾ ਦਿੰਦੇ ਹਨ। ਗੁਰੂ ਰਾਹ ਦਸੇਰਾ ਹੈ ਜੋ ਮਨੁੱਖ ਨੂੰ ਜੀਵਨ ਹਕੀਕਤ ਤੋਂ ਜਾਣੂ ਕਰਵਾ ਕੇ ਸਹੀ ਦਿਸ਼ਾ ਵੱਲ ਲੈ ਕੇ ਜਾਂਦਾ ਹੈ। ਗੁਰੂ ਪਰੰਪਰਾ ਜੋ ਮੁੱਢ ਕਦੀਮਾਂ ਤੋਂ ਭਾਰਤ ਵਿੱਚ ਪ੍ਰਚੱਲਤ ਰਹੀ ਹੈ। ਰਿਸ਼ੀ ਲੋਕ ਪਹਿਲਾਂ ਗੁਰੂਆਂ ਪਾਸ ਜਾਂਦੇ ਸਨ ਅਤੇ ਫਿਰ ਖ਼ੁਦ ਵੀ ਗੁਰੂ ਪਦ ਪ੍ਰਾਪਤ ਕਰਦੇ ਸਨ। ਵੇਦਾਂਤ ਸਾਰੇ ਦਾ ਸਾਰਾ ਸ਼ਿੱਸ਼ਾ ਅਤੇ ਗੁਰੂਆਂ ਦਾ ਹੀ ਵਾਰਤਾਲਾਪ ਹੈ। ਨਾਥ ਸੰਪਰਦਾਇ ਵਾਲੇ ਸ਼ਿਵਜੀ ਨੂੰ ਆਦਿ ਗੁਰੂ ਮੰਨਦੇ ਹਨ। ਉਪਨਿਸ਼ਦਾਂ ਵਿੱਚ ਵੀ ਗੁਰੂ ਦੀ ਮਹਿਮਾ ਦਾ ਜ਼ਿਕਰ ਮਿਲਦਾ ਹੈ। ਸੂਫ਼ੀ ਮੱਤ ਵਿੱਚ ਵੀ ਮਨੁੱਖ ਨੂੰ ਉਸ ਦੇ ਮੂਲ ਦੀ ਪਛਾਣ ਕਰਾਉਣ ਲਈ ਸ਼ਰੀਅਤ, ਤਰੀਕਤ, ਮਾਰਫ਼ਤ ਤੇ ਹਕੀਕਤ ਚਾਰ ਮੰਜ਼ਲਾਂ ਸਵੀਕਾਰ ਕੀਤੀਆਂ ਗਈਆਂ ਹਨ।ਇਸ ਵਿੱਚ ਵੀ ਇੱਕ ਤੋਂ ਦੂਜੀ ਮੰਜ਼ਲ ਤਕ ਅਪੜਨ ਲਈ ਸਾਧਕ ਨੂੰ ਮੁਰਸ਼ਦ ਕੋਲ ਜਾਣਾ ਪੈਂਦਾ ਹੈ ਅਤੇ ਮੁਰਸ਼ਦ ਉਸ ਨੂੰ ਸੱਚੇ ਮਾਰਗ ਉਪਰ ਤੋਰਦਾ ਹੈ। ਇਸ ਪ੍ਰਕਾਰ ਸਾਧਕ ਆਪਣੀ ਮੰਜ਼ਿਲ ਪ੍ਰਾਪਤ ਕਰਨ ਵਿੱਚ ਕਾਮਯਾਬ ਹੁੰਦਾ ਹੈ। ਗੁਰੂ ਨਾਨਕ ਬਾਣੀ ਜਪੁਜੀ ਸਾਹਿਬ ਵਿੱਚ ਪੰਜ ਖੰਡ ਸਵੀਕਾਰੇ ਗਏ ਜਿਸ ਵਿੱਚ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ, ਸੱਚਖੰਡ ਹਨ। ਇਹ ਪੰਜ ਖੰਡ ਮਨੁੱਖੀ ਜੀਵਨ ਦੀਆਂ ਅਧਿਆਤਮਕ ਅਵਸਥਾਵਾਂ ਹਨ ਜਿਨ੍ਹਾਂ ਨੂੰ ਇੱਕ ਇੱਕ ਕਰਕੇ ਪਾਰ ਕਰਦਾ ਹੋਇਆ ਉਹ ਆਪਣੇ ਆਪ ਨਾਲ ਜੁੜਦਾ ਜਾਂਦਾ ਹੈ ਅਤੇ ਅੰਤਿਮ ਅਵਸਥਾ ਸੱਚਖੰਡ ਦੀ ਸੋਝੀ ਪ੍ਰਾਪਤ ਕਰਕੇ ਉਸ ਨਿਰੰਕਾਰ ਨਾਲ ਇਕਮਿਕ ਹੋ ਜਾਂਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਗੁਰੂ ਲਈ ਸਾਧ ਸ਼ਬਦ ਵਰਤਿਆ ਹੈ। ਆਪ ਜੀ ਅਨੁਸਾਰ:

ਜਬ ਹੀ ਸਰਨਿ ਸਾਧਕੀ ਆਇਓ ਦੁਰਮਤਿ ਸਗਲ ਬਿਨਾਸੀ॥
ਤਬ ਨਾਨਕ ਚੇਤਿਓ ਚਿੰਤਾਮਨ ਕਾਟੀ ਜਮ ਕੀ ਫਾਸੀ॥[8]

ਗੁਰੂ ਦੀ ਸ਼ਰਨ ਵਿੱਚ ਆਉਣ ਵਾਲੇ ਮਨੁੱਖ ਦੀ ਮਲੀਨ ਮੱਤ ਨਾਸ਼ ਹੋ ਜਾਂਦੀ ਹੈ ਅਤੇ ਉਹ ਸੰਸਾਰਕ ਵਿਕਾਰਾਂ, ਕਾਮ, ਕ੍ਰੋਧ, ਲੋਭ,ਮੋਹ, ਅਹੰਕਾਰ ਤੋਂ ਉੱਪਰ ਉੱਠਣ ਵਿਚ ਸਫਲ ਹੁੰਦਾ ਹੈ ਅਤੇ ਸੱਚੇ ਜੀਵਨ ਮਾਰਗ ਦੀ ਸੋਝੀ ਹਾਸਲ ਕਰਦਾ ਹੈ।

ਲੋਭ ਮੋਹ ਮਾਇਆ ਮਮਤਾ ਫੁਨਿ ਆਉ ਬਿਖਿਅਨ ਕੀ ਸੇਵਾ॥
ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥੧॥
ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ॥
ਉਸਤਤਿ ਨਿੰਦਾ ਏ ਸਮ ਜਾ ਕੈ ਲੋਭ ਮੋਹੁ ਫੁਨਿ ਤੈਸਾ॥
ਦੁਖ ਸੁਖ ਬਾਧੇ ਜਿਹ ਨਾਹਿਨ ਤਿਹ ਤੁਮ ਜਾਨਉ ਗਿਆਨੀ॥
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ॥[9]

ਇਹ ਬਚਨ ਉਸ ਗੁਰੂ ਦੇ ਦਰਸ਼ਨ ਕਰਵਾਉਂਦੇ ਹਨ ਜੋ ਸੰਸਾਰ ਦਾ ਉਧਾਰ ਕਰਨ ਲਈ ਸੰਸਾਰ ਵਿੱਚ ਆਉਂਦਾ ਹੈ। ਜਿਸ ਜੀਵਨ ਮਾਰਗ ਤੇ ਗੁਰੂ ਚਲਦਾ ਹੈ ਉਸ ਲਈ ਖੁਸ਼ੀ-ਗ਼ਮੀ, ਸੁੱਖ-ਦੁੱਖ, ਅੰਮ੍ਰਿਤ-ਜ਼ਹਿਰ, ਸੋਨਾ-ਲੋਹਾ ਸਭ ਇੱਕ ਸਮਾਨ ਹੁੰਦੇ ਹਨ। ਇਸ ਲਈ ਮਨੁੱਖ ਦਾ ਕਲਿਆਣ ਇਸੇ ਵਿੱਚ ਹੈ ਕੀ ਉਹ ਗੁਰੂ ਦੀ ਸ਼ਰਨ ਵਿੱਚ ਜਾਵੇ। ਗੁਰੂ ਗਿਆਨ ਦੀ ਕੁਠਾਲੀ ਵਿੱਚ ਖੋਟਿਆਂ ਨੂੰ ਵੀ ਤਪਾ ਕੇ ਖਰੇ ਬਣਾ ਦਿੰਦਾ ਹੈ। ਵਿਕਾਰਾਂ ਦੀ ਉਜਾੜ ਵਿੱਚ ਭੁੱਲੇ ਮਨਮੁੱਖਾਂ ਨੂੰ ਗੁਰੂ ਸਿੱਧੇ ਮਾਰਗ ਉੱਪਰ ਤੋਰਦਾ ਹੈ। ਜਿਹੜਾ ਮਨੁੱਖ ਗੁਰੂ ਦੇ ਮਹੱਤਵ ਨੂੰ ਜਾਣਦਾ ਹੈ ਉਸ ਨੂੰ ਜਾਤ-ਪਾਤ, ਦੇਸ਼, ਕੌਮੀਅਤ, ਧਰਮ, ਕੰਮਕਾਰ, ਉਮਰ ਅਤੇ ਲਿੰਗ ਇਨ੍ਹਾਂ ਵਿੱਚੋਂ ਕੋਈ ਵੀ ਚੀਜ਼ ਗੁਰੂ ਦੀ ਸ਼ਰਨ ਵਿੱਚ ਆਉਣ ਤੋਂ ਰੁਕਾਵਟ ਨਹੀਂ ਪਾ ਸਕਦੀ। ਗੁਰੂ ਦੀ ਸ਼ਰਨ ਸਿਰਫ਼ ਜ਼ਬਾਨੀ ਕਹਿ ਦੇਣ ਨਾਲ ਨਹੀਂ ਮਿਲਦੀ ਅਤੇ ਨਾ ਹੀ ਫੋਕੀਆਂ ਸਰੀਰਕ ਕਿਰਿਆਵਾਂ ਰਾਹੀਂ ਗੁਰੂ ਦੀ ਸ਼ਰਨ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਦੀ ਸ਼ਰਨ ਇੱਕ ਮਾਨਸਿਕ ਕਿਰਿਆ ਹੈ ਪਰ ਇਸ ਮਾਨਸਿਕ ਕਿਰਿਆ ਦਾ ਪ੍ਰਗਟਾਵਾ ਸਰੀਰਕ ਕਿਰਿਆ ਰਾਹੀਂ ਹੀ ਹੁੰਦਾ ਹੈ। ਇਸ ਲਈ ਦੋਹਾਂ ਦੀ ਇਕਮਿਕਤਾ ਦਾ ਹੋਣਾ ਲਾਜ਼ਮੀ ਹੈ। ਆਮ ਮਨੁੱਖ ਲਈ ਇਹ ਪੈਂਡਾ ਕਿਸੇ ਵੀ ਤਰ੍ਹਾਂ ਸੁਖਾਲਾ ਨਹੀਂ ਹੈ। ਗੁਰੂ ਦੀ ਸ਼ਰਨ ਪੈਣ ਲਈ ਮਨੁੱਖ ਨੂੰ ਆਪਾ ਸਮਰਪਣ ਕਰਨਾ ਪੈਂਦਾ ਹੈ। ਇਹ ਇੱਕ ਮੁਸ਼ਕਲ ਪੈਂਡਾ ਹੈ ਜੋ ਬੜੀ ਘਾਲ ਮੰਗਦਾ ਹੈ ਪਰ ਦੂਜੇ ਪਾਸੇ ਜੋ ਗੁਰੂ ਦੀ ਸ਼ਰਨ ਪੈਂਦਾ ਹੈ ਉਹ ਆਪਣਾ

ਜੀਵਨ ਸਫਲਾ ਬਣਾ ਲੈਂਦਾ ਹੈ। ਗੁਰੂ ਦੀ ਸ਼ਰਨ ਪੈਣ ਵਾਲੇ ਮਨੁੱਖ ਦੀ ਮੈਂ ਮਿਟ ਜਾਂਦੀ ਹੈ ਅਤੇ ਉਹ ਪਰਮਾਤਮਾ ਤੱਕ ਅਪੜਨ ਵਿੱਚ ਸਫ਼ਲ ਹੋ ਜਾਂਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਤਾਰਨ ਸਿੰਘ, "ਰਚਨਾ ਤੇ ਰਚਨਾ ਦਾ ਸਰਵੇਖਣ (ਭਾਗ ਦੂਜਾ)",**ਗੁਰੂ ਤੇਗ ਬਹਾਦਰ ਜੀਵਨ ਤੇ ਸਿੱਖਿਆ,** ਸੰਪਾ.ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ,1976,ਪੰਨਾ-62.
2. ਡਾ.ਗੁਰਚਰਨ ਸਿੰਘ ਮਹਿਤਾ,ਗੁਰੂ ਤੇਗ ਬਹਾਦਰ:ਜੀਵਨ ਤੇ ਬਾਣੀ ਰਚਨਾ, **ਖੋਜ ਪਤ੍ਰਿਕਾ (ਬਾਣੀਕਾਰ ਵਿਸ਼ੇਸ਼ ਅੰਕ-57),** ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ-86-87.
3. ਗੁਰੂ ਗ੍ਰੰਥ ਸਾਹਿਬ, ਪੰਨਾ-1428.
4. ਉਹੀ,ਪੰਨਾ-1430.
5. ਉਹੀ, ਪੰਨਾ-718.
6. ਉਹੀ, ਪੰਨਾ-633.
7. ਉਹੀ, ਪੰਨਾ-1186.
8. ਉਹੀ,ਪੰਨਾ-633.
9. ਉਹੀ,ਪੰਨਾ-220.